Punyabí
(Punjabi)

# ਅੰਗ੍ਰੇਜ਼ੀ ਸਿਖਿਆਰਥੀਆਂ/ਬਹੁ-ਭਾਸ਼ੀ ਸਿਖਿਆਰਥੀਆਂ ਲਈ
## ਮਾਪਿਆਂ ਦੇ ਅਧਿਕਾਰਾਂ ਦਾ ਬਿਲ

CSDE
CONNECTICUT STATE DEPARTMENT OF EDUCATION

ਕਨੈਕਟਿਕਟ ਰਾਜ ਦਾ ਸਿੱਖਿਆ ਵਿਭਾਗ (CONNECTICUT STATE DEPARTMENT OF EDUCATION)

P.A.23-150 ਸੈਕਸ਼ਨ 17 ਦੇ ਅਨੁਸਾਰ, ਰਾਜ ਦਾ ਸਿੱਖਿਆ ਵਿਭਾਗ ਬਹੁ-ਭਾਸ਼ੀ ਸਿਖਿਆਰਥੀਆਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਲਈ ਅਧਿਕਾਰਾਂ ਦੇ ਇੱਕ ਲਿਖਤੀ ਬਿੱਲ ਦਾ ਖਰੜਾ ਤਿਆਰ ਕਰੇਗਾ ਤਾਂ ਜੋ ਇਹ ਵਿਸ਼ਵਾਸ ਦੁਆਇਆ ਜਾ ਸਕੇ ਕਿ ਅਜਿਹੇ ਮਾਪਿਆਂ ਅਤੇ ਵਿਦਿਆਰਥੀਆਂ ਦੇ ਅਧਿਕਾਰਾਂ ਦੀ ਆਮ ਕਨੂੰਨਾਂ ਦੇ ਚੈਪਟਰ 164 ਦੇ ਤਹਿਤ ਦੋ-ਭਾਸ਼ੀ ਸਿੱਖਿਆ ਦੇ ਪ੍ਰਾਵਧਾਨ ਵਿੱਚ ਲੋੜੀਂਦੇ ਰੂਪ ਵਿੱਚ ਸੁਰੱਖਿਆ ਅਤੇ ਹਿਫ਼ਾਜ਼ਤ ਕੀਤੀ ਜਾਂਦੀ ਹੈ ਅਤੇ ਅਧਿਕਾਰਾਂ ਦੇ ਇਸ ਬਿੱਲ ਨੂੰ ਮਾਪਿਆਂ ਜਾਂ ਸਰਪ੍ਰਸਤਾਂ ਦੀ ਪ੍ਰਮੁੱਖ ਭਾਸ਼ਾ ਵਿੱਚ ਸਾਂਝਾ ਕੀਤਾ ਜਾਂਦਾ ਹੈ।

ਇਸਦਾ ਮਤਲਬ ਹੈ ਕਿ, P.A.23-150 ਸੈਕਸ਼ਨ 17 ਦੇ ਅਨੁਸਾਰ, ਰਾਜ ਦਾ ਸਿੱਖਿਆ ਵਿਭਾਗ ਇੱਕ ਤੋਂ ਵੱਧ ਭਾਸ਼ਾਵਾਂ ਸਿੱਖ ਰਹੇ ਵਿਦਿਆਰਥੀਆਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਲਈ ਅਧਿਕਾਰਾਂ ਦੀ ਇੱਕ ਸਪਸ਼ਟ ਸੂਚੀ ਤਿਆਰ ਕਰੇਗਾ। ਇਹ ਸੂਚੀ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਆਮ ਕਨੂੰਨਾਂ ਦੇ ਚੈਪਟਰ 164 ਵਿੱਚ ਦਿੱਤੇ ਗਏ ਵਰਣਨ ਅਨੁਸਾਰ, ਵਿਦਿਆਰਥੀਆਂ ਨੂੰ ਦੋ-ਭਾਸ਼ੀ ਸਿੱਖਿਆ ਮਿਲਣ 'ਤੇ ਇਹਨਾਂ ਮਾਪਿਆਂ ਅਤੇ ਵਿਦਿਆਰਥੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਹਿਫ਼ਾਜ਼ਤ ਕੀਤੀ ਜਾਂਦੀ ਹੈ। ਅਧਿਕਾਰਾਂ ਦੀ ਇਹ ਸੂਚੀ ਮਾਪਿਆਂ ਜਾਂ ਸਰਪ੍ਰਸਤਾਂ ਨੂੰ ਉਸ ਭਾਸ਼ਾ ਵਿੱਚ ਦਿੱਤੀ ਜਾਵੇਗੀ ਜੋ ਉਹ ਸਭ ਤੋਂ ਚੰਗੀ ਤਰ੍ਹਾਂ ਸਮਝਦੇ ਹਨ।

1 ਜੁਲਾਈ 2024 ਤੋਂ ਸ਼ੁਰੂ ਹੋਣ ਵਾਲੇ ਸਕੂਲੀ ਸਾਲ, ਅਤੇ ਉਸਤੋਂ ਬਾਅਦ ਹਰ ਸਕੂਲੀ ਸਾਲ ਵਾਸਤੇ, ਦੋ-ਭਾਸ਼ੀ ਸਿੱਖਿਆ ਜਾਂ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦਾ ਪ੍ਰੋਗ੍ਰਾਮ ਮੁਹੱਈਆ ਕਰਨ ਵਾਲਾ ਹਰ ਸਥਾਨਕ ਅਤੇ ਖੇਤਰੀ ਸਿੱਖਿਆ ਬੋਰਡ:

1. ਯੋਗ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਬਹੁ-ਭਾਸ਼ੀ ਸਿਖਿਆਰਥੀਆਂ ਲਈ ਅਧਿਕਾਰਾਂ ਦੇ ਬਿੱਲ ਦੀ ਇੱਕ ਕਾਪੀ ਅਜਿਹੇ ਮਾਪਿਆਂ ਅਤੇ ਸਰਪ੍ਰਸਤਾਂ ਦੀ ਮੁੱਖ ਭਾਸ਼ਾ ਵਿੱਚ ਮੁਹੱਈਆ ਕਰਾਏਗਾ, ਅਤੇ
2. ਬਹੁਭਾਸ਼ੀ ਸਿਖਿਆਰਥੀ ਦੇ ਅਧਿਕਾਰਾਂ ਦੇ ਬਿੱਲ ਦੀ ਕਾਪੀ ਅਜਿਹੇ ਬੋਰਡ ਦੀ ਇੰਟਰਨੈੱਟ ਵੈੱਬਸਾਈਟ 'ਤੇ ਉਪਲਬਧ ਕਰਾਏਗਾ।

**ਇਸਦਾ ਮਤਲਬ ਹੈ ਕਿ 1 ਜੁਲਾਈ 2024 ਤੋਂ ਸ਼ੁਰੂ ਹੋ ਕੇ, ਅਤੇ ਆਉਣ ਵਾਲੇ ਸਾਲਾਂ ਵਿੱਚ, ਦੋ-ਭਾਸ਼ੀ ਸਿੱਖਿਆ ਜਾਂ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਪ੍ਰੋਗ੍ਰਾਮ ਮੁਹੱਈਆ ਕਰਾਉਣ ਵਾਲੇ ਹਰ ਸਥਾਨਕ ਅਤੇ ਖੇਤਰੀ ਸਿੱਖਿਆ ਬੋਰਡ ਨੂੰ:**

1. **ਯੋਗ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਬਹੁ-ਭਾਸ਼ੀ ਸਿਖਿਆਰਥੀ ਦੇ ਅਧਿਕਾਰਾਂ ਦੇ ਬਿੱਲ ਦੀ ਇੱਕ ਕਾਪੀ ਉਸ ਭਾਸ਼ਾ ਵਿੱਚ ਮੁਹੱਈਆ ਕਰਾਉਣੀ ਪਵੇਗੀ ਜਿਸਨੂੰ ਉਹ ਸਭ ਤੋਂ ਚੰਗੀ ਤਰ੍ਹਾਂ ਸਮਝਦੇ ਹਨ।**
2. **ਬਹੁ-ਭਾਸ਼ੀ ਸਿਖਿਆਰਥੀ ਦੇ ਅਧਿਕਾਰਾਂ ਦੇ ਇਸ ਬਿੱਲ ਨੂੰ ਬੋਰਡ ਦੀ ਵੈੱਬਸਾਈਟ 'ਤੇ ਉਪਲਬਧ ਕਰਾਉਣ ਹੋਵੇਗਾ।**

## ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਦੇ ਅਧਿਕਾਰਾਂ ਦੇ ਬਿੱਲ ਦੀਆਂ ਘੋਸ਼ਣਾਵਾਂ ਇਹ ਹਨ

1. ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਰਾਜ ਦੇ ਕਿਸੇ ਪਬਲਿਕ ਸਕੂਲ ਵਿੱਚ ਜਾਣ ਦਾ ਅਧਿਕਾਰ, ਭਾਵੇਂ ਅਜਿਹੇ ਵਿਦਿਆਰਥੀ ਦੀ ਇਮੀਗ੍ਰੇਸ਼ਨ ਸਥਿਤੀ ਜਾਂ ਅਜਿਹੇ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਇਮੀਗ੍ਰੇਸ਼ਨ ਸਥਿਤੀ ਕੁਝ ਵੀ ਹੋਵੇ।

   ਇਸਦਾ ਮਤਲਬ ਹੈ ਕਿ ਅੰਗ੍ਰੇਜ਼ੀ ਸਿਖਿਆਰਥੀ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਕਿਸੇ ਵਿਅਕਤੀ ਨੂੰ ਰਾਜ ਦੇ ਕਿਸੇ ਪਬਲਿਕ ਸਕੂਲ ਵਿੱਚ ਜਾਣ ਦਾ ਅਧਿਕਾਰ ਹੈ, ਭਾਵੇਂ ਉਹ ਵਿਦਿਆਰਥੀ ਜਾਂ ਉਸਦੇ ਮਾਪੇ/ਸਰਪ੍ਰਸਤ ਪ੍ਰਵਾਸੀ ਕਿਉਂ ਨਾ ਹੋਣ।

2. ਕਿਸੇ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਅਜਿਹੇ ਵਿਦਿਆਰਥੀ ਨੂੰ ਇਮੀਗ੍ਰੇਸ਼ਨ ਦਸਤਾਵੇਜ਼ ਜਮ੍ਹਾਂ ਕਰਾਉਣ ਦੀ ਲੋੜ ਤੋਂ ਬਗੈਰ ਕਿਸੇ ਪਬਲਿਕ ਸਕੂਲ ਵਿੱਚ ਦਾਖਲ ਕਰਾਉਣ ਦਾ ਅਧਿਕਾਰ, ਜਿਹਨਾਂ ਵਿੱਚ ਸੋਸ਼ਲ ਸਿਕਿਓਰਟੀ ਨੰਬਰ, ਵੀਜ਼ਾ ਦਸਤਾਵੇਜ਼ ਜਾਂ ਨਾਗਰਿਕਤਾ ਦਾ ਸਬੂਤ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹਨ।

   ਇਸਦਾ ਮਤਲਬ ਹੈ ਕਿ ਅੰਗ੍ਰੇਜ਼ੀ ਸਿੱਖ ਰਹੇ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਕਿਸੇ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਆਪਣੇ ਬੱਚੇ ਨੂੰ ਸੋਸ਼ਲ ਸਿਕਿਓਰਟੀ ਨੰਬਰ, ਵੀਜ਼ਾ ਦਸਤਾਵੇਜ਼ਾਂ, ਜਾਂ ਨਾਗਰਿਕ ਹੋਣ ਦੇ ਸਬੂਤ ਵਰਗੇ ਕੋਈ ਵੀ ਇਮੀਗ੍ਰੇਸ਼ਨ ਦਸਤਾਵੇਜ਼ ਮੁਹੱਈਆ ਕਰਵਾਏ ਬਗੈਰ, ਕਿਸੇ ਪਬਲਿਕ ਸਕੂਲ ਵਿੱਚ ਦਾਖਲਾ ਕਰਵਾ ਸਕਦੇ ਹਨ।

3. ਇਸ ਕਨੂੰਨ ਦੇ ਸੈਕਸ਼ਨ 18 ਦੇ ਅਨੁਸਾਰ, ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਅਧਿਆਪਕਾਂ ਅਤੇ ਪ੍ਰਸ਼ਾਸਕਾਂ ਦੇ ਨਾਲ ਮਹੱਤਵਪੂਰਨ ਗੱਲਬਾਤ ਦੇ ਦੌਰਾਨ (A) ਕਿਸੇ ਦੁਭਾਸ਼ੀਏ ਦੁਆਰਾ ਜੋ ਵਿਅਕਤੀਗਤ ਤੌਰ 'ਤੇ ਉੱਥੇ ਮੌਜੂਦ ਹੋਵੇ ਜਾਂ ਟੈਲੀਫ਼ੋਨ ਦੁਆਰਾ ਜਾਂ ਕਿਸੇ ਆਨਲਾਈਨ ਤਕਨਾਲੋਜੀ ਪਲੇਟਫਾਰਮ ਦੇ ਜ਼ਰੀਏ, ਜਾਂ (B) ਰਾਜ ਦੇ ਸਿੱਖਿਆ ਬੋਰਡ ਦੁਆਰਾ ਪ੍ਰਵਾਨਤ ਕਿਸੇ ਇੰਟਰਨੈੱਟ ਵੈੱਬ ਸਾਈਟ ਜਾਂ ਹੋਰ ਇਲੈਕਟ੍ਰਾਨਿਕ ਐਪਲੀਕੇਸ਼ਨ ਦੇ ਰਾਹੀਂ ਅਨੁਵਾਦ ਸੇਵਾਵਾਂ ਮੁਹੱਈਆ ਕਰਾਏ ਜਾਣ ਦਾ ਅਧਿਕਾਰ, ਜਿਸ ਵਿੱਚ ਪੇਰੈਂਟ ਟੀਚਰ ਕਾਨਫ਼ਰੰਸਾਂ, ਜਿਸ ਸਕੂਲ ਵਿੱਚ ਅਜਿਹਾ ਵਿਦਿਆਰਥੀ ਪੜ੍ਹਦਾ ਹੈ ਉਸ ਸਕੂਲ ਦੇ ਪ੍ਰਬੰਧਕਾਂ ਨਾਲ ਮੀਟਿੰਗਾਂ, ਅਤੇ ਉਚਿਤ ਰੂਪ ਵਿੱਚ ਦਿੱਤੇ ਗਏ ਨੋਟਿਸ ਨਾਲ ਸਿੱਖਿਆ ਬੋਰਡ ਦੀ ਨਿਯਮਤ ਜਾਂ ਵਿਸ਼ੇਸ਼ ਮੀਟਿੰਗਾਂ, ਜਾਂ ਅਜਿਹੇ ਵਿਦਿਆਰਥੀ ਨੂੰ ਸਿੱਖਿਅਤ ਕਰਨ ਲਈ ਜ਼ਿੰਮੇਵਾਰ ਸਿੱਖਿਆ ਬੋਰਡ ਦੇ ਕਿਸੇ ਮੈਂਬਰ ਜਾਂ ਮੈਂਬਰਾਂ ਨਾਲ ਨਿਰਧਾਰਤ ਕੀਤੀਆਂ ਗਈਆਂ ਮੀਟਿੰਗਾਂ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹਨ।

   ਇਸਦਾ ਮਤਲਬ ਹੈ ਕਿ ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਵਿਦਿਆਰਥੀਆਂ ਦੀ ਸਿੱਖਿਆ ਨਾਲ ਜੁੜੀਆਂ ਮਹੱਤਵਪੂਰਨ ਮੀਟਿੰਗਾਂ ਦੇ ਦੌਰਾਨ ਅਨੁਵਾਦ ਵਿੱਚ ਮਦਦ ਪ੍ਰਾਪਤ ਕਰਨ ਦਾ ਅਧਿਕਾਰ ਹੈ। ਇਹ ਮਦਦ ਕਿਸੇ ਦੁਭਾਸ਼ੀਏ ਦੁਆਰਾ ਵਿਅਕਤੀਗਤ ਤੌਰ 'ਤੇ, ਫ਼ੋਨ 'ਤੇ, ਜਾਂ ਕੰਪਿਊਟਰ ਰਾਹੀਂ ਦਿੱਤੀ ਜਾ ਸਕਦੀ ਹੈ। ਇਹ ਅਧਿਆਪਕਾਂ ਅਤੇ ਸਕੂਲ ਦੇ ਆਗੂਆਂ ਨਾਲ ਮਹੱਤਵਪੂਰਨ ਗੱਲਬਾਤਾਂ, ਜਿਵੇਂ ਕਿ ਪੇਰੈਂਟ-ਟੀਚਰ ਮੀਟਿੰਗਾਂ ਜਾਂ ਸਕੂਲ ਦੇ ਪ੍ਰਬੰਧਕਾਂ ਨਾਲ ਮੀਟਿੰਗਾਂ ਲਈ ਹੈ। ਇਹ ਇਸ ਕਨੂੰਨ ਦੇ ਇੱਕ ਖਾਸ ਸੈਕਸ਼ਨ 18 ਦੇ ਅਨੁਸਾਰ ਹੈ।

ਜਾਰੀ ▶

4. ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਸਥਾਨਕ ਜਾਂ ਖੇਤਰੀ ਸਿੱਖਿਆ ਬੋਰਡ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਦੋ-ਭਾਸ਼ੀ ਸਿੱਖਿਆ ਦੇ ਕਿਸੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਅਧਿਕਾਰ, ਜਦੋਂ ਆਮ ਕਨੂੰਨਾਂ ਦੇ ਸੈਕਸ਼ਨ 10-17f ਦੇ ਪ੍ਰਾਵਧਾਨਾਂ ਅਨੁਸਾਰ, ਅਜਿਹੇ ਸਿਖਿਆਰਥੀ ਦੇ ਰੂਪ ਵਿੱਚ ਵੀਹ ਜਾਂ ਵੱਧ ਯੋਗ ਵਿਦਿਆਰਥੀ ਹੋਣ, ਜਿਹਨਾਂ ਨੂੰ ਅੰਗ੍ਰੇਜ਼ੀ ਤੋਂ ਇਲਾਵਾ, ਕਿਸੇ ਹੋਰ ਭਾਸ਼ਾ ਵਿੱਚ ਪ੍ਰਬਲ ਹੋਣ ਵਜੋਂ ਵਰਗੀਕ੍ਰਿਤ ਕੀਤਾ ਗਿਆ ਹੋਵੇ।

   ਇਸਦਾ ਮਤਲਬ ਹੈ ਕਿ ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਸਕੂਲ ਵਿੱਚ ਲੋੜ ਪੈਣ 'ਤੇ ਦੋ-ਭਾਸ਼ੀ ਸਿੱਖਿਆ ਦੇ ਕਿਸੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਹੈ। ਇਹ ਆਮ ਕਾਨੂੰਨਾਂ ਦੇ ਸੈਕਸ਼ਨ 10-17f ਦੇ ਨਿਯਮਾਂ 'ਤੇ ਅਧਾਰਤ ਹੈ।

5. ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਦਾ ਅੰਗ੍ਰੇਜ਼ੀ ਅਤੇ ਅਜਿਹੇ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਪ੍ਰਮੁੱਖ ਭਾਸ਼ਾ, ਦੋਵਾਂ ਵਿੱਚ ਇਸ ਵਿਸ਼ੇ ਬਾਰੇ ਲਿਖਤੀ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ, ਕਿ ਅਜਿਹਾ ਵਿਦਿਆਰਥੀ ਸਥਾਨਕ ਜਾਂ ਖੇਤਰੀ ਸਿੱਖਿਆ ਬੋਰਡ ਦੁਆਰਾ ਪ੍ਰਦਾਨ ਕੀਤੇ ਜਾਂਦੇ ਦੋ-ਭਾਸ਼ੀ ਸਿੱਖਿਆ ਦੇ ਕਿਸੇ ਪ੍ਰੋਗਰਾਮ ਜਾਂ ਇੱਕ ਨਵੀਂ ਭਾਸ਼ਾ ਵਜੋਂ ਅੰਗ੍ਰੇਜ਼ੀ ਦੇ ਕਿਸੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਦੇ ਯੋਗ ਹੈ।

   ਇਸਦਾ ਮਤਲਬ ਹੈ ਕਿ ਅੰਗ੍ਰੇਜ਼ੀ ਸਿਖਿਆਰਥੀ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਅੰਗ੍ਰੇਜ਼ੀ ਅਤੇ ਜਿਸ ਭਾਸ਼ਾ ਵਿੱਚ ਉਹ ਸਭ ਤੋਂ ਵਧੀਆ ਹਨ, ਦੋਵਾਂ ਵਿੱਚ ਹੀ ਇੱਕ ਲਿਖਤੀ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ ਹੈ ਤਾਂ ਜੋ ਉਹਨਾਂ ਨੂੰ ਇਹ ਦੱਸਿਆ ਜਾ ਸਕੇ ਕਿ ਉਹਨਾਂ ਦਾ ਬੱਚਾ ਡਿਸਟ੍ਰਿਕਟ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਦੋ-ਭਾਸ਼ੀ ਸਿੱਖਿਆ ਜਾਂ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕਦਾ ਹੈ।

6. ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਅਤੇ ਅਜਿਹੇ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਸਥਾਨਕ ਜਾਂ ਖੇਤਰੀ ਸਿੱਖਿਆ ਬੋਰਡ ਤੋਂ ਅਜਿਹੇ ਵਿਦਿਆਰਥੀ ਅਤੇ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਮੁੱਖ ਭਾਸ਼ਾ ਵਿੱਚ ਬਹੁਤ ਵਧੀਆ ਕੁਆਲਿਟੀ ਦਾ ਓਰੀਐਂਟੇਸ਼ਨ ਸੈਸ਼ਨ ਪ੍ਰਾਪਤ ਕਰਨ ਦਾ ਅਧਿਕਾਰ, ਜੋ ਦੋ-ਭਾਸ਼ੀ ਸਿੱਖਿਆ ਅਤੇ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਕਿਸੇ ਪ੍ਰੋਗਰਾਮ ਵਿੱਚ ਭਾਗ ਲੈਣ ਤੋਂ ਪਹਿਲਾਂ, ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀਆਂ ਲਈ ਸਕੂਲ ਵਿੱਚ ਰਾਜ ਦੇ ਮਿਆਰਾਂ, ਟੈਸਟਾਂ ਅਤੇ ਉਮੀਦਾਂ ਦੇ ਨਾਲ-ਨਾਲ ਦੋ-ਭਾਸ਼ੀ ਸਿੱਖਿਆ ਅਤੇ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਅਜਿਹੇ ਪ੍ਰੋਗਰਾਮਾਂ ਦੇ ਟੀਚਿਆਂ ਅਤੇ ਲੋੜਾਂ ਨਾਲ ਜੁੜੀ ਜਾਣਕਾਰੀ ਮੁਹੱਈਆ ਕਰਾਉਂਦਾ ਹੈ।

   ਇਸਦਾ ਮਤਲਬ ਹੈ ਕਿ ਅੰਗ੍ਰੇਜ਼ੀ ਸਿੱਖਣ ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਨੂੰ ਆਪਣੀ ਸਭ ਤੋਂ ਵਧੀਆ ਭਾਸ਼ਾ ਵਿੱਚ ਸਹਾਇਕ ਮੀਟਿੰਗ ਵਿੱਚ ਭਾਗ ਲੈਣ ਦਾ ਅਧਿਕਾਰ ਹੈ। ਇਸ ਮੀਟਿੰਗ ਦਾ ਆਯੋਜਨ ਸਥਾਨਕ ਸਕੂਲ ਬੋਰਡ ਦੁਆਰਾ ਕੀਤਾ ਜਾਵੇਗਾ ਅਤੇ ਇਸ ਵਿੱਚ ਉਹਨਾਂ ਨੂੰ ਰਾਜਾਂ ਦੇ ਮਿਆਰਾਂ, ਟੈਸਟਾਂ ਅਤੇ ਇਸ ਵਿਸ਼ੇ ਵਿੱਚ ਜਾਣਕਾਰੀ ਦਿੱਤੀ ਜਾਵੇਗੀ ਕਿ ਅੰਗ੍ਰੇਜ਼ੀ ਸਿੱਖਣ ਵਾਲੇ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਵਿਦਿਆਰਥੀਆਂ ਤੋਂ ਸਕੂਲ ਵਿੱਚ ਕੀ ਉਮੀਦ ਕੀਤੀ ਜਾਂਦੀ ਹੈ। ਉਹ ਇਹਨਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਦੋ-ਭਾਸ਼ੀ ਸਿੱਖਿਆ ਅਤੇ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਪ੍ਰੋਗਰਾਮਾਂ ਦੇ ਟੀਚਿਆਂ ਅਤੇ ਨਿਯਮਾਂ ਬਾਰੇ ਵੀ ਜਾਣਨਗੇ।

7. ਕਿਸੇ ਅੰਗਰੇਜ਼ੀ ਸਿੱਖਣ ਵਾਲੇ/ਬਹੁ-ਭਾਸ਼ੀ ਸਿਖਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਅਜਿਹੇ ਵਿਦਿਆਰਥੀ ਦੀ ਅੰਗ੍ਰੇਜ਼ੀ ਭਾਸ਼ਾ ਵਿੱਚ ਵਿਕਾਸ ਅਤੇ ਭਾਸ਼ਾ ਪ੍ਰਾਪਤੀ ਦੀ ਪ੍ਰਗਤੀ ਬਾਰੇ ਜਾਣਕਾਰੀ ਮਿਲਣ ਦਾ ਅਧਿਕਾਰ।

   ਇਸਦਾ ਮਤਲਬ ਹੈ ਕਿ ਅੰਗ੍ਰੇਜ਼ੀ ਸਿੱਖ ਰਹੇ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਕਿਸੇ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਇਸ ਬਾਰੇ ਅੱਪਡੇਟ ਅਤੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ ਕਿ ਉਹਨਾਂ ਦਾ ਬੱਚਾ ਆਪਣੇ ਅੰਗ੍ਰੇਜ਼ੀ ਭਾਸ਼ਾ ਦੇ ਹੁਨਰਾਂ ਵਿੱਚ ਸੁਧਾਰ ਲਿਆਉਣ ਵਿੱਚ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ।

8. ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਅਤੇ ਅਜਿਹੇ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਅਜਿਹੇ ਵਿਦਿਆਰਥੀ ਦੇ ਅੰਗ੍ਰੇਜ਼ੀ ਭਾਸ਼ਾ ਵਿੱਚ ਵਿਕਾਸ ਅਤੇ ਭਾਸ਼ਾ ਪ੍ਰਾਪਤੀ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸਕੂਲ ਦੇ ਕਰਮਚਾਰੀਆਂ ਨਾਲ ਮਿਲਣ ਦਾ ਅਧਿਕਾਰ।

   ਇਸਦਾ ਮਤਲਬ ਇਹ ਹੈ ਕਿ ਅੰਗ੍ਰੇਜ਼ੀ ਸਿੱਖ ਰਹੇ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਵਿਦਿਆਰਥੀ ਅਤੇ ਉਹਨਾਂ ਦੇ ਮਾਤਾ-ਪਿਤਾ ਜਾਂ ਸਰਪ੍ਰਸਤਾਂ ਨੂੰ ਸਕੂਲ ਦੇ ਸਟਾਫ਼ ਨੂੰ ਇਸ ਸਬੰਧ ਵਿੱਚ ਮਿਲਣ ਦਾ ਅਧਿਕਾਰ ਹੈ ਕਿ ਵਿਦਿਆਰਥੀ ਕਿੰਨੀ ਚੰਗੀ ਤਰ੍ਹਾਂ ਨਾਲ ਅੰਗ੍ਰੇਜ਼ੀ ਸਿੱਖ ਰਿਹਾ ਹੈ ਅਤੇ ਆਪਣੇ ਭਾਸ਼ਾ ਹੁਨਰਾਂ ਵਿੱਚ ਸੁਧਾਰ ਕਰ ਰਿਹਾ ਹੈ।

9. ਜੇ ਸਥਾਨਕ ਜਾਂ ਖੇਤਰੀ ਸਿੱਖਿਆ ਬੋਰਡ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ ਤਾਂ, ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਦੋ-ਭਾਸ਼ੀ ਸਿੱਖਿਆ ਜਾਂ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਕਿਸੇ ਪ੍ਰੋਗਰਾਮ ਵਿੱਚ ਦਾਖਲ ਕੀਤੇ ਜਾਣ ਦਾ ਅਧਿਕਾਰ।

   ਇਸਦਾ ਮਤਲਬ ਹੈ ਕਿ ਸਕਾਨਕ ਸਿੱਖਿਆ ਬੋਰਡ ਦੁਆਰਾ ਪ੍ਰਦਾਨ ਕੀਤੇ ਜਾਣ ਤੇ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਦੋ-ਭਾਸ਼ੀ ਸਿੱਖਿਆ ਜਾਂ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਕਿਸੇ ਪ੍ਰੋਗਰਾਮ ਵਜੋਂ ਸ਼ਾਮਲ ਹੋਣ ਦਾ ਅਧਿਕਾਰ ਹੈ।

10. ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਸਾਰੇ ਗ੍ਰੇਡ-ਪੱਧਰ ਦੇ ਸਕੂਲ ਪ੍ਰੋਗਰਾਮਾਂ ਤੱਕ ਇੱਕੋ ਜਿਹੀ ਪਹੁੰਚ ਪ੍ਰਾਪਤ ਹੋਣ ਦਾ ਅਧਿਕਾਰ।

    ਇਸਦਾ ਮਤਲਬ ਹੈ ਕਿ ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਆਪਣੇ ਗ੍ਰੇਡ ਪੱਧਰ ਲਈ ਸਕੂਲ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਇੱਕੋ ਜਿਹੇ ਮੌਕੇ ਮਿਲਣ ਦਾ ਅਧਿਕਾਰ ਹੈ।

11. ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਗ੍ਰੇਡ-ਪੱਧਰ ਦੀ ਸਾਰੀ ਮੁੱਖ ਵਿਸ਼ਾ-ਸਮੱਗਰੀ ਤੱਕ ਇੱਕੋ ਜਿਹੀ ਪਹੁੰਚ ਪ੍ਰਾਪਤ ਹੋਣ ਦਾ ਅਧਿਕਾਰ ਹੈ।

    ਇਸਦਾ ਮਤਲਬ ਹੈ ਕਿ ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਬਿਲਕੁਲ ਦੂਜੇ ਵਿਦਿਆਰਥੀਆਂ ਵਾਂਗ ਹੀ ਆਪਣੇ ਗ੍ਰੇਡ ਪੱਧਰ 'ਤੇ ਸਾਰੇ ਮਹੱਤਵਪੂਰਨ ਵਿਸ਼ਿਆਂ ਨੂੰ ਸਿੱਖਣ ਦਾ ਅਧਿਕਾਰ ਹੈ।

12. ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਸਲਾਨਾ ਭਾਸ਼ਾ ਮੁਹਾਰਤ ਟੈਸਟ ਦੇਣ ਦਾ ਅਧਿਕਾਰ।

    ਇਸਦਾ ਮਤਲਬ ਹੈ ਕਿ ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਹਰ ਸਾਲ ਇਹ ਦੇਖਣ ਲਈ ਇੱਕ ਭਾਸ਼ਾ ਟੈਸਟ ਦੇਣ ਦਾ ਅਧਿਕਾਰ ਹੈ ਕਿ ਉਹ ਆਪਣੇ ਭਾਸ਼ਾ ਸਬੰਧੀ ਹੁਨਰਾਂ ਵਿੱਚ ਕਿੰਨੀ ਵਧੀਆ ਕਾਰਗੁਜ਼ਾਰੀ ਕਰ ਰਿਹਾ ਹੈ।

ਜਾਰੀ ▶

**13.** ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਦਾ ਅਜਿਹੀ ਕਿਸੇ ਵੀ ਦਖਲਅੰਦਾਜ਼ੀ ਯੋਜਨਾ ਜੋ ਸਕੂਲ ਜਾਂ ਸਕੂਲ ਡਿਸਟ੍ਰਿਕਟ ਸਾਰੇ ਵਿਦਿਆਰਥੀਆਂ ਨੂੰ ਪ੍ਰਦਾਨ ਕਰਦਾ ਹੈ, ਦੇ ਅਨੁਸਾਰ ਸਹਿਯੋਗ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ।

ਇਸਦਾ ਮਤਲਬ ਹੈ ਕਿ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਨੂੰ ਵਾਧੂ ਮਦਦ (ਦਖਲ ਦੇ ਜ਼ਰੀਏ) ਪ੍ਰਾਪਤ ਕਰਨ ਦਾ ਅਧਿਕਾਰ ਹੈ ਜੋ ਸਕੂਲ ਜਾਂ ਸਕੂਲ ਡਿਸਟ੍ਰਿਕਟ ਦੁਆਰਾ ਸਾਰੇ ਵਿਦਿਆਰਥੀਆਂ ਦੀ ਸਹਾਇਤਾ ਲਈ ਇਸਤੇਮਾਲ ਕੀਤੀ ਜਾਣ ਵਾਲੀ ਯੋਜਨਾ ਦੇ ਅਨੁਸਾਰ ਹੋਵੇ।

**14.** ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਸਿਖਿਆਰਥੀ ਦਾ ਦੋ-ਭਾਸ਼ੀ ਸਿੱਖਿਆ ਜਾਂ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਕਿਸੇ ਪ੍ਰੋਗਰਾਮ ਵਿੱਚ ਲਗਾਤਾਰ ਅਤੇ ਸਲਾਨਾ ਰੂਪ ਵਿੱਚ ਦਾਖਲ ਕੀਤੇ ਜਾਣ ਦਾ ਅਧਿਕਾਰ, ਜਦੋਂ ਤੱਕ ਕਿ ਅਜਿਹਾ ਵਿਦਿਆਰਥੀ ਆਮ ਕਨੂੰਨਾਂ ਦੀ ਧਾਰਾ 10-17e ਵਿੱਚ ਪਰਿਭਾਸ਼ਿਤ ਕੀਤੇ ਗਏ ਅਨੁਸਾਰ, ਇੱਕ ਯੋਗ ਵਿਦਿਆਰਥੀ ਬਣਿਆ ਰਹਿੰਦਾ ਹੈ।

ਇੱਕ ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਵਿਦਿਆਰਥੀ ਹਰ ਸਾਲ ਉਦੋਂ ਤੱਕ ਕਿਸੇ ਦੋ-ਭਾਸ਼ੀ ਪ੍ਰੋਗਰਾਮ ਵਿੱਚ ਜਾਂ ਇੱਕ ਨਵੀਂ ਭਾਸ਼ਾ ਦੇ ਰੂਪ ਵਿੱਚ ਅੰਗ੍ਰੇਜ਼ੀ ਦੇ ਕਿਸੇ ਪ੍ਰੋਗਰਾਮ ਵਿੱਚ ਰਹਿ ਸਕਦਾ ਹੈ, ਜਦੋਂ ਤਕ ਕਿ ਉਹ ਯੋਗ ਬਣਿਆ ਰਹਿੰਦਾ ਹੈ, ਜਿਵੇਂ ਕਿ ਆਮ ਕਨੂੰਨਾਂ ਦੇ ਸੈਕਸ਼ਨ 10 -17e ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

**15.** ਅੰਗ੍ਰੇਜ਼ੀ ਸਿਖਿਆਰਥੀ/ਬਹੁ-ਭਾਸ਼ੀ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਦਾ ਅਜਿਹੇ ਵਿਦਿਆਰਥੀ ਜਾਂ ਮਾਤਾ-ਪਿਤਾ ਜਾਂ ਸਰਪ੍ਰਸਤ ਲਈ ਉਪਲਬਧ ਬਹੁ-ਭਾਸ਼ੀ ਸਿੱਖਿਆਰਥੀ ਸੇਵਾਵਾਂ ਜਾਂ ਵਿਸ਼ੇਸ਼ ਪ੍ਰਬੰਧ ਪ੍ਰਾਪਤ ਕਰਨ ਦੇ ਅਜਿਹੇ ਵਿਦਿਆਰਥੀ ਦੇ ਅਧਿਕਾਰ ਬਾਰੇ ਕਿਸੇ ਵੀ ਪ੍ਰਸ਼ਨ ਜਾਂ ਚਿੰਤਾ ਲਈ ਰਾਜ ਦੇ ਸਿੱਖਿਆ ਵਿਭਾਗ ਨਾਲ ਸੰਪਰਕ ਕਰਨ ਦਾ ਅਧਿਕਾਰ, ਜਿਸ ਵਿੱਚ ਅਜਿਹੀਆਂ ਸੇਵਾਵਾਂ ਜਾਂ ਵਿਸ਼ੇਸ਼ ਪ੍ਰਬੰਧ ਮੁਹੱਈਆ ਕਰਾਉਣ ਜਾਂ ਇਹ ਯਕੀਨੀ ਬਣਾਉਣ ਵਿੱਚ ਸਿੱਖਿਆ ਬੋਰਡ ਦੀ ਅਸਫ਼ਲਤਾ ਪ੍ਰਤੀ ਕਿਸੇ ਵੀ ਉਪਾਅ ਬਾਰੇ ਜਾਣਕਾਰੀ ਸ਼ਾਮਲ ਹੈ।

ਇਸਦਾ ਮਤਲਬ ਹੈ ਕਿ ਜੇ ਅੰਗ੍ਰੇਜ਼ੀ ਸਿਖਿਆਰਥੀ/ਇੱਕ ਤੋਂ ਵੱਧ ਭਾਸ਼ਾਵਾਂ ਬੋਲਣ ਵਾਲੇ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ, ਭਾਸ਼ਾ ਸਿੱਖਣ ਲਈ ਸੇਵਾਵਾਂ ਜਾਂ ਸਹਾਇਤਾ ਪ੍ਰਾਪਤ ਕਰਨ ਦੇ ਆਪਣੇ ਬੱਚੇ ਦੇ ਅਧਿਕਾਰ ਬਾਰੇ ਕੋਈ ਵੀ ਸਵਾਲ ਜਾਂ ਚਿੰਤਾਵਾਂ ਹਨ ਤਾਂ ਉਹ ਸਿੱਖਿਆ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ। ਇਸ ਵਿੱਚ ਇਹ ਪਤਾ ਲਗਾਉਣਾ ਸ਼ਾਮਲ ਹੈ ਕਿ ਜੇ ਸਕੂਲ ਬੋਰਡ ਸੇਵਾਵਾਂ ਜਾਂ ਮਦਦ ਪ੍ਰਦਾਨ ਨਹੀਂ ਕਰਦਾ ਹੈ ਜੋ ਉਹਨਾਂ ਨੂੰ ਕਰਨੀਆਂ ਚਾਹੀਦੀਆਂ ਹਨ ਤਾਂ ਉਹ ਕੀ ਕਰ ਸਕਦੇ ਹਨ।

*ਕਨੈਕਟਿਕਟ ਰਾਜ ਦਾ ਸਿੱਖਿਆ ਵਿਭਾਗ (CONNECTICUT STATE DEPARTMENT OF EDUCATION)* ਇੱਕ ਸਕਾਰਾਤਮਕ ਕਾਰਵਾਈ/ਬਰਾਬਰ ਮੌਕਿਆਂ ਦਾ ਐਂਪਲੌਇਅਰ ਹੈ।